THE SIKH COALITION

# ਆਪਣੇ ਹੱਕਾਂ ਨੂੰ ਜਾਣੋ: ਗੁਰਦੂਆਰਾ ਸਾਹਿਬਾਨ ਲਈ ਇਮੀਗ੍ਰੇਸ਼ਨ ਸੰਬੰਧੀ ਜਾਣਕਾਰੀ

ਫ਼ਰਵਰੀ 2025 ਵਿੱਚ ਸੋਧਿਆ ਗਿਆ

# ਵਿਸ਼ਾ ਸੂਚੀ


03 ਭੂਮਿਕਾ

04 ਕੀ ਆਇਸ ਨੂੰ ਗੁਰਦੁਆਰਾ ਸਾਹਿਬਾਨ ਵਿੱਚ ਦਾਖ਼ਲ ਹੋਣ ਲਈ ਵਾਰੰਟ ਦੀ ਲੋੜ ਹੈ?

05 ਜੇ ਆਇਸ ਉਦੋਂ ਆਉਂਦੀ ਹੈ ਜਦੋਂ ਗੁਰਦੁਆਰਾ ਬੰਦ ਹੈ

06 ਜੇ ਆਇਸ ਤੁਹਾਡੇ ਗੁਰਦੁਆਰੇ ਉਸ ਵੇਲੇ ਆਉਂਦੀ ਹੈ ਜਦੋਂ ਗੁਰਦੁਆਰਾ ਖੁੱਲ੍ਹਾ ਹੈ

08 ਗੁਰਦੁਆਰੇ ਅੰਦਰ ਅਣਜਾਣ ਲੋਕ

09 ਗੁਰਦੁਆਰੇ ਲਈ ਮਦਦਗਾਰ ਸੁਰੱਖਿਆ ਪ੍ਰਬੰਧ

10 ਜੇ ਹਿਰਾਸਤ ਵਿੱਚ ਲਿਆ ਜਾਵੇ

11 ਲੋੜਵੰਦ ਵਿਅਕਤੀਆਂ ਲਈ ਹੋਰ ਵਸੀਲੇ


---

'ਆਪਣੇ ਹੱਕਾਂ ਨੂੰ ਜਾਣੋ' ਵਾਲਾ ਇਹ ਦਸਤਾਵੇਜ਼ ਗੁਰਦੁਆਰਾ ਸਾਹਿਬਾਨ ਅਤੇ ਗੁਰਦੁਆਰਾ ਕਮੇਟੀ ਮੈਂਬਰਾਂ ਤੇ ਆਗੂਆਂ ਨੂੰ ਸਾਡੇ ਧਾਰਮਿਕ ਸਥਾਨਾਂ ਉੱਤੇ ਇਮੀਗ੍ਰੇਸ਼ਨ ਸੰਬੰਧੀ ਜੋ ਕਾਰਵਾਈਆਂ ਹੋ ਸਕਦੀਆਂ ਹਨ ਉਨ੍ਹਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਜਿਉਂ-ਜਿਉਂ ਟਰੰਪ ਪ੍ਰਸ਼ਾਸਨ ਵੱਲੋਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਸਾਹਮਣੇ ਆਉਂਦੀਆਂ ਰਹਿਣਗੀਆਂ ਇਸ ਨੂੰ ਲਗਾਤਾਰ ਸੋਧਿਆ ਜਾਵੇਗਾ। ਇਸ ਦਸਤਾਵੇਜ਼ ਨੂੰ ਸੰਗਤ ਵਿੱਚ ਸ਼ਾਮਲ ਇਮੀਗ੍ਰੇਸ਼ਨ ਵਕੀਲਾਂ, ਇਮੀਗ੍ਰੇਸ਼ਨ ਨੀਤੀ ਦੇ ਮਾਹਿਰਾਂ, ਅਤੇ ਹੋਰ ਸਹਿਯੋਗੀ ਸੰਸਥਾਵਾਂ ਦੀ ਮਦਦ ਨਾਲ ਸਿੱਖ ਕੋਲੀਸ਼ਨ ਵੱਲੋਂ ਤਿਆਰ ਕੀਤਾ ਗਿਆ ਸੀ।

**ਕਿਰਪਾ ਕਰਕੇ ਧਿਆਨ ਦਿਉ ਕਿ ਇਹ ਜਾਣਕਾਰੀ ਕਾਨੂੰਨੀ ਸਲਾਹ ਵੱਜੋਂ ਨਹੀਂ ਲਈ ਜਾਣੀ ਚਾਹੀਦੀ।** ਜੇ ਤੁਹਾਨੂੰ ਕੋਈ ਖ਼ਾਸ ਅਤੇ ਤੁਰੰਤ ਕਾਨੂੰਨੀ ਮਦਦ ਚਾਹੀਦੀ ਹੈ ਤਾਂ ਸਿੱਖ ਕੋਲੀਸ਼ਨ ਨਾਲ www.sikhcoalition.org/legal-help 'ਤੇ ਸੰਪਰਕ ਕਰੋ ਜਾਂ ਹੇਠਾਂ ਦਿੱਤੀ ਸਾਡੇ ਸਰੋਤਾਂ ਦੀ ਸੂਚੀ ਵੇਖੋ।

ਇਹ ਦਸਤਾਵੇਜ਼ ਗੁਰਦੁਆਰਾ ਸਾਹਿਬਾਨ ਲਈ ਹੈ; ਵਿਅਕਤੀਆਂ ਲਈ ਇਮੀਗ੍ਰੇਸ਼ਨ ਸੰਬੰਧੀ 'ਆਪਣੇ ਹੱਕਾਂ ਜਾਣੋ' ਦਸਤਾਵੇਜ਼ ਇੱਥੇ ਦੇਖ ਸਕਦੇ ਹੋ। ਤੁਸੀਂ ਸਿੱਖ ਕੋਲੀਸ਼ਨ ਦੇ ਇਮੀਗ੍ਰੇਸ਼ਨ ਸੰਬੰਧੀ ਅਸੂਲਾਂ/ਸਿਧਾਂਤਾਂ ਅਤੇ ਸਾਡੇ ਭਾਈਚਾਰੇ ਸੰਬੰਧੀ ਆਮ ਪੁੱਛੇ ਜਾਂਦੇ ਸਵਾਲਾਂ-ਜਵਾਬਾਂ ਵਾਸਤੇ ਇਹ ਦਸਤਾਵੇਜ਼ ਪੜ੍ਹ ਸਕਦੇ ਹੋ।




# ਭੂਮਿਕਾ

ਡੀਐਚਐਸ ਨੀਤੀ ਕਈ ਸਾਲਾਂ ਤੱਕ ਆਇਸ ਵੱਲੋਂ ਪੁੱਛ-ਪੜਤਾਲ ਕਰਨ, ਰੋਕਣ/ਹਿਰਾਸਤ ਵਿੱਚ ਲੈਣ, ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਜਾਂ ਇਮੀਗ੍ਰੇਸ਼ਨ ਕਾਨੂੰਨ ਸੰਬੰਧੀ ਹੋਰ ਕਾਰਵਾਈਆਂ ਦੇ ਮਾਮਲੇ ਵਿੱਚ (ਗੁਰਦੁਆਰਿਆਂ ਸਮੇਤ) ਧਾਰਮਿਕ ਅਸਥਾਨਾਂ ਅਤੇ ਹੋਰ “ਸੰਵੇਦਨਸ਼ੀਲ ਸਥਾਨਾਂ” ਦੀ ਸੁਰੱਖਿਆ ਕਰਨ ਵਿੱਚ ਮਦਦਗਾਰ ਰਹੀ ਹੈ। ਇਸ ਸਾਲ 21 ਜਨਵਰੀ 2025 ਨੂੰ ਟਰੰਪ ਪ੍ਰਸ਼ਾਸਨ ਵੱਲੋਂ ਇਹ ਚਿਰਾਂ ਪੁਰਾਣੀ ਨੀਤੀ ਖ਼ਤਮ ਕਰ ਦਿੱਤੀ ਗਈ ਹੈ, ਜਿਸ ਨਾਲ ਸੰਭਾਵਨਾ ਬਣ ਗਈ ਹੈ ਕਿ ਹੁਣ ਹਥਿਆਰਬੰਦ ਆਇਸ ਏਜੰਟਾਂ ਵੱਲੋਂ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਨਿੱਜੀ ਸਥਾਨ (ਜਿਵੇਂ ਘਰ ਜਾਂ ਕੰਮਕਾਜ ਵਾਲੀ ਥਾਂ) ਅੰਦਰ ਦਾਖ਼ਲ ਹੋਣ ਲਈ ਆਇਸ ਨੂੰ ਜੱਜ ਦੇ ਦਸਤਖ਼ਤਾਂ ਵਾਲਾ ਵਾਰੰਟ ਚਾਹੀਦਾ ਹੈ। ਗੁਰਦੁਆਰੇ ਵਿੱਚ ਦਾਖ਼ਲ ਹੋਣ ਲਈ ਆਇਸ ਨੂੰ ਵਾਰੰਟ ਚਾਹੀਦਾ ਹੈ ਜਾਂ ਨਹੀਂ ਇਹ ਥੋੜ੍ਹਾ ਗੁੰਝਲਦਾਰ ਸਵਾਲ ਹੈ ਕਿਉਂਕਿ ਗੁਰਦੁਆਰੇ ਆਮ ਤੌਰ ’ਤੇ ਆਮ ਲੋਕਾਂ ਲਈ ਖੁੱਲ੍ਹੇ ਰਹਿੰਦੇ ਹਨ। ਸਿੱਖ ਵਕੀਲਾਂ ਅਤੇ ਹੋਰ ਵਕੀਲਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਅਸੀਂ ਤਿੰਨ ਨਤੀਜਿਆਂ ’ਤੇ ਪਹੁੰਚੇ ਹਾਂ:

1. ਲਾਜ਼ਮੀ ਨਹੀਂ ਹੈ ਕਿ ਆਇਸ ਨੂੰ ਗੁਰਦੁਆਰੇ ਅੰਦਰ ਦਾਖ਼ਲ ਹੋਣ ਲਈ ਵਾਰੰਟ ਦੀ ਲੋੜ ਹੋਵੇ। ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਵੇਲੇ ਗੁਰਦੁਆਰੇ ਆਉਂਦੇ ਹਨ ਅਤੇ ਗੁਰਦੁਆਰੇ ਦੇ ਅੰਦਰ ਉਹ ਕਿਸ ਹਿੱਸੇ ਵਿੱਚ ਜਾਣਾ ਚਾਹੁੰਦੇ ਹਨ।
2. ਇਕ ਵਾਰ ਆਇਸ ਗੁਰਦੁਆਰੇ ਦੇ ਅੰਦਰ ਆ ਗਈ, ਇਹ ਮਹੱਤਵਪੂਰਨ ਹੁੰਦਾ ਹੈ ਕਿ ਉਨ੍ਹਾਂ ਤੋਂ ਵਾਰੰਟ ਮੰਗਿਆ ਜਾਵੇ ਅਤੇ ਜੇ ਉਨ੍ਹਾਂ ਕੋਲ ਵਾਰੰਟ ਨਹੀਂ ਹੈ ਤਾਂ ਉਨ੍ਹਾਂ ਨੂੰ ਜਾਣ ਲਈ ਕਿਹਾ ਜਾਵੇ। ਇਸ ਕਰਕੇ ਉਨ੍ਹਾਂ ਨੂੰ ਗੁਰਦੁਆਰੇ ਤੋਂ ਬਾਹਰ ਜਾਣਾ ਪੈ ਸਕਦਾ ਹੈ।
3. ਗੁਰਦੁਆਰੇ ਅੰਦਰ ਮੌਜੂਦ ਕਿਸੇ ਵੀ ਵਿਅਕਤੀ ਨੂੰ ਆਇਸ ਦੀਆਂ ਗੱਲਾਂ ਦਾ ਜੁਆਬ ਦੇਣ ਦੀ ਲੋੜ ਨਹੀਂ ਹੈ। ਸਾਰਿਆਂ ਨੂੰ ਚੁੱਪ ਰਹਿਣ ਅਤੇ ਜੇ ਕਿਸੇ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਉਸ ਨੂੰ ਆਪਣਾ ਵਕੀਲ ਕਰਨ ਦਾ ਹੱਕ ਹੈ।

ਹੇਠਾਂ ਦਿੱਤੀ ਜਾਣਕਾਰੀ ਇਨ੍ਹਾਂ ਨੁਕਤਿਆਂ ਬਾਰੇ ਵਿਸਤਾਰ ਸਹਿਤ ਵਿਚਾਰ ਕਰਦੀ ਹੈ ਅਤੇ ਹੋਰ ਜਾਣਕਾਰੀ ਵਾਸਤੇ ਵਧੇਰੇ ਵਸੀਲਿਆਂ ਬਾਰੇ ਦੱਸਦੀ ਹੈ। ਜਿਉਂ-ਜਿਉਂ ਸਾਨੂੰ ਹੋਰ ਜਾਣਕਾਰੀ ਮਿਲਦੀ ਰਹੇਗੀ, ਅਸੀਂ ਇਸ ਦਸਤਾਵੇਜ਼ ਵਿੱਚ ਵਾਧਾ ਕਰਦੇ ਰਹਾਂਗੇ।




# ਕੀ ਆਇਸ ਨੂੰ ਗੁਰਦੁਆਰਾ ਸਾਹਿਬਾਨ ਵਿੱਚ ਦਾਖ਼ਲ ਹੋਣ ਲਈ ਵਾਰੰਟ ਦੀ ਲੋੜ ਹੈ?

- ਆਇਸ ਦੇ ਗੁਰਦੁਆਰੇ ਅੰਦਰ ਦਾਖ਼ਲ ਹੋਣ ਦੀ ਸਮਰੱਥਾ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਉਹ ਕਿਸ ਵੇਲੇ ਗੁਰਦੁਆਰੇ ਆਉਂਦੇ ਹਨ:
    - ਜੇ ਗੁਰਦੁਆਰਾ ਇਸ ਤਰ੍ਹਾਂ ਬੰਦ ਹੈ ਕਿ ਆਮ ਸੰਗਤ ਵੀ ਅੰਦਰ ਨਹੀਂ ਆ ਸਕਦੀ ਤਾਂ ਹੋ ਸਕਦਾ ਹੈ ਕਿ ਆਇਸ ਨੂੰ ਵੀ ਗੁਰਦੁਆਰੇ ਅੰਦਰ ਦਾਖ਼ਲ ਹੋਣ ਲਈ ਵਾਰੰਟ ਦੀ ਲੋੜ ਹੋਵੇ।
    - ਜੇ ਗੁਰਦੁਆਰਾ ਸੰਗਤ ਲਈ ਖੁੱਲ੍ਹਾ ਹੈ ਅਤੇ ਵੱਡੀ ਗਿਣਤੀ ਵਿੱਚ ਸੰਗਤ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰ ਅਤੇ ਬਾਹਰ ਆ/ਜਾ ਰਹੀ ਹੈ ਤਾਂ ਆਇਸ ਨੂੰ ਗੁਰਦੁਆਰੇ ਅੰਦਰ ਦਾਖ਼ਲ ਹੋਣ ਲਈ ਵਾਰੰਟ ਦੀ ਲੋੜ ਨਹੀਂ ਵੀ ਹੋ ਸਕਦੀ।

- ਆਇਸ ਗੁਰਦੁਆਰੇ ਅੰਦਰ ਤਲਾਸ਼ੀ ਲੈ ਸਕਦੀ ਹੈ ਜਾਂ ਨਹੀਂ ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਉਹ ਗੁਰਦੁਆਰੇ ਦੇ ਅੰਦਰ ਕਿਸ ਹਿੱਸੇ ਵਿੱਚ ਜਾਣਾ ਚਾਹੁੰਦੇ ਹਨ:
    - ਦੀਵਾਨ ਹਾਲ ਅਤੇ ਲੰਗਰ ਹਾਲ ਵਰਗੇ ਅਸਥਾਨ ਜੋ ਆਮ ਲੋਕਾਂ ਲਈ ਖੁੱਲ੍ਹੇ ਹੁੰਦੇ ਹਨ, ਆਇਸ ਉਨ੍ਹਾਂ ਸਥਾਨਾਂ ਦੀ ਤਲਾਸ਼ੀ ਬਿਨਾਂ ਵਾਰੰਟ ਦੇ ਲੈ ਸਕਦੀ ਹੈ।
    - ਆਇਸ ਨੂੰ ਗੁਰਦੁਆਰੇ ਅੰਦਰ ਉਨ੍ਹਾਂ ਸਥਾਨਾਂ ਦੀ ਤਲਾਸ਼ੀ ਲੈਣ ਵਾਸਤੇ ਵਾਰੰਟ ਦੀ ਲੋੜ ਹੋਵੇਗੀ ਜਿਹੜੇ ਸਥਾਨਾਂ ਦੀ ਸਪੱਸ਼ਟ ਰੂਪ ਵਿੱਚ ‘ਨਿੱਜੀ ਸਥਾਨ’ (ਪ੍ਰਾਈਵੇਟ) ਵੱਜੋਂ ਨਿਸ਼ਾਨਦੇਹੀ ਕੀਤੀ ਹੋਈ ਹੈ ਜਾਂ ਉਹ ਸਥਾਨ ਨਿੱਜੀ ਸਥਾਨ (ਪ੍ਰਾਈਵੇਟ) ਮੰਨੇ ਜਾਣਗੇ ਜਿੱਥੇ ਆਮ ਤੌਰ ’ਤੇ ਸੰਗਤ ਨੂੰ ਜਾਣ ਦੀ ਆਗਿਆ ਨਹੀਂ ਹੁੰਦੀ। (ਵਧੇਰੇ ਜਾਣਕਾਰੀ ਲਈ ਹੇਠਾਂ “**ਗੁਰਦੁਆਰੇ ਲਈ ਮਦਦਗਾਰ ਸੁਰੱਖਿਆ ਪ੍ਰਬੰਧ**” ਸਿਰਲੇਖ ਅਧੀਨ ਦਿੱਤੀ ਜਾਣਕਾਰੀ ਵੇਖੋ)

- ਆਇਸ ਭਾਵੇਂ ਜਿਸ ਵੇਲੇ ਮਰਜ਼ੀ ਗੁਰਦੁਆਰੇ ਆਵੇ, ਤੁਸੀਂ ਉਨ੍ਹਾਂ ਤੋਂ ਉਨ੍ਹਾਂ ਦੀ ਪਛਾਣ ਪੁੱਛ ਸਕਦੇ ਹੋ ਤੇ ਤੁਹਾਨੂੰ ਲਾਜ਼ਮੀ ਤੌਰ ’ਤੇ ਪੁੱਛਣੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣਾ ਪਛਾਣ-ਪੱਤਰ ਦਿਖਾਉਣਾ ਹੀ ਪਵੇਗਾ; ਜੇ ਉਹ ਨਹੀਂ ਦਿਖਾਉਂਦੇ ਤਾਂ ਤੁਹਾਡਾ ਉਨ੍ਹਾਂ ਨਾਲ ਕੋਈ ਵੀ ਗੱਲ ਕਰਨਾ ਲਾਜ਼ਮੀ ਨਹੀਂ ਹੈ।




# ਜੇ ਆਇਸ ਉਦੋਂ ਆਉਂਦੀ ਹੈ ਜਦੋਂ ਗੁਰਦੁਆਰਾ ਬੰਦ ਹੈ

- ਉਸ ਅਰਸੇ ਦੌਰਾਨ ਜਦੋਂ ਗੁਰਦੁਆਰਾ ਸੰਗਤ ਲਈ ਨਹੀਂ ਖੁੱਲ੍ਹਾ ਹੁੰਦਾ, ਗੁਰਦੁਆਰੇ ਦੇ ਦਰਵਾਜ਼ੇ ਬੰਦ ਰੱਖਣਾ ਤੁਹਾਡੇ ਲਈ ਇਸ ਨੂੰ ਕਾਨੂੰਨ ਦੀ ਨਜ਼ਰ ਵਿੱਚ ਨਿੱਜੀ ਸਥਾਨ (ਪ੍ਰਾਈਵੇਟ) ਵੱਜੋਂ ਸਥਾਪਿਤ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ, ਜਿਸ ਦਾ ਅਰਥ ਹੈ ਕਿ ਅੰਦਰ ਦਾਖ਼ਲ ਹੋਣ ਲਈ ਆਇਸ ਨੂੰ ਵਾਰੰਟ ਦੀ ਲੋੜ ਪਵੇਗੀ।

- ਜੇ ਆਇਸ ਗੁਰਦੁਆਰੇ ਆਉਂਦੀ ਹੈ ਅਤੇ ਦਰਵਾਜ਼ਾ ਬੰਦ ਹੈ ਤਾਂ ਤੁਸੀਂ ਦਰਵਾਜ਼ਾ ਬੰਦ ਰੱਖ ਕੇ ਉਨ੍ਹਾਂ ਤੋਂ ਵਾਰੰਟ ਦੀ ਮੰਗ ਕਰ ਸਕਦੇ ਹੋ। ਤੁਸੀਂ ਇਸ ਤਰ੍ਹਾਂ ਕਹਿ ਸਕਦੇ ਹੋ: "ਸਲਾਈਡ ਦਾ ਵਾਰੰਟ ਅੰਡਰ ਦਾ ਡੋਰ (ਦਰਵਾਜ਼ੇ ਦੇ ਥੱਲਿਉਂ ਵਾਰੰਟ ਅੰਦਰ ਭੇਜੋ।)"
  - ਜੇ ਆਇਸ ਤੁਹਾਨੂੰ ਕੋਈ ਕਾਗਜ਼ ਦਿਖਾਉਂਦੀ ਹੈ ਤਾਂ ਦੇਖੋ ਉਸ 'ਤੇ ਕੀ ਲਿਖਿਆ ਹੈ। ਜੇ ਉਸ ਦੇ ਉੱਪਰਲੇ ਖੱਬੇ ਖੂੰਜੇ 'ਤੇ ਲਿਖਿਆ ਹੈ "ਯੂ. ਐਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ", ਤਾਂ **ਇਹ ਵਾਜਬ ਅਦਾਲਤੀ ਵਾਰੰਟ ਨਹੀਂ ਹੈ।**
    - ਦਰਵਾਜ਼ਾ ਨਾ ਖੋਲ੍ਹੋ।
    - ਕਿਸੇ ਵੀ ਸਵਾਲ ਦਾ ਜਵਾਬ ਨਾ ਦਿਉ।
    - ਆਇਸ ਵਾਲਿਆਂ ਨੂੰ ਦੱਸੋ ਕਿ ਤੁਸੀਂ ਦਰਵਾਜ਼ਾ ਨਹੀਂ ਖੋਲ੍ਹੋਗੇ ਅਤੇ ਅੰਦਰ ਹੀ ਰਹੋ।
    - "ਪ੍ਰਸ਼ਾਸਨ ਦਾ ਵਾਰੰਟ" ਜਿਹੜਾ ਆਇਸ ਨੂੰ ਤੁਹਾਡੇ ਘਰ ਅੰਦਰ ਦਾਖ਼ਲ ਹੋਣ ਦੀ ਆਗਿਆ ਨਹੀਂ ਦਿੰਦਾ, ਉਹ ਉੱਪਰ ਦੱਸੇ ਅਨੁਸਾਰ ਹੀ ਨਜ਼ਰ ਆਉਂਦਾ ਹੈ।
  - ਜੇ ਆਇਸ ਤੁਹਾਨੂੰ "ਯੂ. ਐਸ. ਡਿਸਟ੍ਰਿਕਟ ਕੋਰਟ" ਜਾਂ ਤੁਹਾਡੇ ਆਪਣੇ ਇਲਾਕੇ (ਕਾਊਂਟੀ) ਅਤੇ ਸੂਬੇ ਦੇ ਨਾਮ ਵਾਲਾ ਕਾਗਜ਼ ਦਿਖਾਉਂਦੀ ਹੈ ਤਾਂ ਤੁਹਾਨੂੰ ਦਸਤਾਵੇਜ਼ ਉੱਤੇ **ਤਸਦੀਕ ਕਰਨਾ ਚਾਹੀਦਾ ਹੈ** ਕਿ ਇਸ ਉੱਤੇ **ਜੱਜ ਦੇ ਦਸਤਖ਼ਤ ਹਨ ਜਾਂ ਨਹੀਂ।**
    - ਤਲਾਸ਼ੀ ਦਾ ਵਾਰੰਟ ਇਸ ਤਰ੍ਹਾਂ ਦਾ ਨਜ਼ਰ ਆਉਂਦਾ ਹੈ।
    - ਗ੍ਰਿਫ਼ਤਾਰੀ ਦੇ ਵਾਰੰਟ ਉੱਤੇ ਉਸ ਵਿਅਕਤੀ ਦਾ ਨਾਮ ਵੀ ਹੋਵੇਗਾ ਜਿਸ ਉੱਤੇ ਦੋਸ਼ ਹੈ ਕਿ ਉਹ ਗੁਰਦੁਆਰੇ ਦੇ ਅੰਦਰ ਰਹਿ ਰਿਹਾ ਹੈ; ਇਹ ਵਾਰੰਟ ਇਸ ਤਰ੍ਹਾਂ ਦਾ ਨਜ਼ਰ ਆਉਂਦਾ ਹੈ।
    - ਜੇ ਤੁਹਾਨੂੰ ਦਿਖਾਏ ਗਏ ਵਾਰੰਟ ਉੱਤੇ ਜੱਜ ਦੇ ਦਸਤਖ਼ਤ ਨਹੀਂ ਹਨ; ਦਰਵਾਜ਼ਾ ਨਾ ਖੋਲ੍ਹੋ।



# ਜੇ ਆਇਸ ਤੁਹਾਡੇ ਗੁਰਦੁਆਰੇ ਉਸ ਵੇਲੇ ਆਉਂਦੀ ਹੈ ਜਦੋਂ ਗੁਰਦੁਆਰਾ ਖੁੱਲ੍ਹਾ ਹੈ

- ਕੋਈ ਵੀ ਗੱਲਬਾਤ ਕਰਨ ਤੋਂ ਪਹਿਲਾਂ ਆਇਸ ਵਾਲਿਆਂ ਦਾ ਪਛਾਣ-ਪੱਤਰ ਦੇਖਣ ਲਈ ਕਹੋ। ਤੁਸੀਂ ਇਹ ਸ਼ਬਦ ਕਹਿ ਸਕਦੇ ਹੋ: "ਪਲੀਜ਼ ਸ਼ੋਅ ਮੀ ਆਇਡੇਂਟੀਫ਼ਿਕੇਸ਼ਨ ਟੂ ਵੇਰੀਫ਼ਾਈ ਦੈਟ ਯੂ ਆਰ ਅ ਮੈਂਬਰ ਆਫ਼ ਲਾਅ ਐਨਫੋਰਸਮੈਂਟ।" (ਕਿਰਪਾ ਕਰ ਕੇ ਮੈਨੂੰ ਪਛਾਣ-ਪੱਤਰ ਦਿਖਾਉ ਤਾਂ ਜੋ ਮੈਂ ਤਸਦੀਕ ਕਰ ਸਕਾਂ ਕਿ ਤੁਸੀਂ ਕਾਨੂੰਨੀ ਏਜੰਸੀ ਨਾਲ ਸੰਬੰਧਤ ਹੋ।)

- ਜੇ ਆਇਸ ਵਾਲੇ ਪਛਾਣ-ਪੱਤਰ ਦਿਖਾਉਣ ਤੋਂ ਮਨ੍ਹਾ ਕਰਦੇ ਹਨ ਤਾਂ ਤੁਹਾਡਾ ਉਨ੍ਹਾਂ ਨਾਲ ਗੱਲਬਾਤ ਕਰਨਾ ਲਾਜ਼ਮੀ ਨਹੀਂ ਹੈ ਅਤੇ ਤੁਸੀਂ ਉਨ੍ਹਾਂ ਨੂੰ ਜਾਣ ਲਈ ਕਹਿ ਸਕਦੇ ਹੋ।

- ਜੇ ਆਇਸ ਤੁਹਾਨੂੰ ਆਪਣਾ ਪਛਾਣ-ਪੱਤਰ ਦਿਖਾਉਂਦੇ ਹਨ ਤਾਂ ਉਨ੍ਹਾਂ ਨੂੰ ਵਾਰੰਟ ਦਿਖਾਉਣ ਲਈ ਕਹੋ।
    - ਵੱਖ-ਵੱਖ ਕਿਸਮ ਦੇ ਵਾਰੰਟਾਂ ਬਾਰੇ ਸਮਝਣ ਲਈ (**"ਜੇ ਆਇਸ ਉਸ ਵੇਲੇ ਆਉਂਦੀ ਹੈ ਜਦੋਂ ਤੁਹਾਡਾ ਗੁਰਦੁਆਰਾ ਬੰਦ ਹੈ"**) ਸਿਰਲੇਖ ਵਾਲੀ ਉੱਪਰ ਦੱਸੀ ਜਾਣਕਾਰੀ ਦੇਖੋ।
    - ਜੇ ਆਇਸ ਕੋਲ ਵਾਜਿਬ ਵਾਰੰਟ ਹੈ ਤਾਂ ਉਹ ਗੁਰਦੁਆਰੇ ਦੀ ਤਲਾਸ਼ੀ ਲੈ ਸਕਦੇ ਹਨ।
    - ਜੇ ਆਇਸ ਕੋਲ ਵਾਜਿਬ ਵਾਰੰਟ ਨਹੀਂ ਹੈ ਤਾਂ ਤੁਸੀਂ ਉਨ੍ਹਾਂ ਨੂੰ ਜਾਣ ਲਈ ਕਹਿ ਸਕਦੇ ਹੋ।

- ਭਾਵੇਂ ਆਇਸ ਕੋਲ ਵਾਰੰਟ ਹੈ ਜਾਂ ਨਹੀਂ, ਹਰ ਹਾਲਤ ਵਿੱਚ ਸੰਗਤ ਨੂੰ ਹੇਠ ਲਿਖੀਆਂ ਗੱਲਾਂ ਦੀ ਜਾਣਕਾਰੀ ਹੋਣਾ ਬੇਹੱਦ ਲਾਜ਼ਮੀ ਹੈ:
    - ਸੰਗਤ ਨੂੰ ਸ਼ਾਂਤ/ਸਹਿਜ ਰਹਿਣਾ ਚਾਹੀਦਾ ਹੈ; ਜੇ ਕੋਈ ਭੱਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਆਇਸ ਇਸ ਨੂੰ ਰੋਕਣ/ਹਿਰਾਸਤ ਵਿੱਚ ਲੈਣ ਅਤੇ ਗ੍ਰਿਫ਼ਤਾਰ ਕਰਨ ਦੇ ਬਹਾਨੇ ਵੱਜੋਂ ਵਰਤ ਸਕਦੀ ਹੈ।
    - ਗੁਰਦੁਆਰੇ ਦੇ ਪਹਿਰੇਦਾਰਾਂ (ਸੁਰੱਖਿਆ ਮੁਲਾਜ਼ਮਾਂ) ਨੂੰ ਆਇਸ ਨੂੰ ਰੋਕਣ ਜਾਂ ਉਨ੍ਹਾਂ ਦੀ ਕਾਰਵਾਈ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਜੇ ਉਹ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਜੇ ਆਇਸ ਦੇ ਨਾਲ ਪੁਲਿਸ ਜਾਂ ਕਾਨੂੰਨ ਲਾਗੂ ਕਰਾਉਣ ਵਾਲੀ ਕਿਸੇ ਏਜੰਸੀ ਦੇ ਮੁਲਾਜ਼ਮ ਹੋਣ ਤਾਂ ਉਹ ਮੁਕੱਦਮਾ ਵੀ ਬਣਾ ਸਕਦੇ ਹਨ।
    - ਸੰਗਤ ਦੇ ਹਰੇਕ ਮੈਂਬਰ ਨੂੰ ਚੁੱਪ ਰਹਿਣ ਦਾ ਹੱਕ ਹੈ ਅਤੇ ਕਿਸੇ ਨੂੰ ਵੀ ਆਪਣੇ ਜਾਂ ਕਿਸੇ ਹੋਰ ਦੇ ਇਮੀਗ੍ਰੇਸ਼ਨ ਜਾਂ ਸਿਟੀਜ਼ਨਸ਼ਿਪ ਦੀ ਸਥਿਤੀ (ਸਟੇਟਸ) ਬਾਰੇ ਆਇਸ ਜਾਂ ਕਿਸੇ ਹੋਰ ਕਾਨੂੰਨ ਲਾਗੂ ਕਰਵਾਉਣ ਵਾਲੇ ਅਦਾਰੇ ਦੇ ਮੁਲਾਜ਼ਮ ਨਾਲ ਗੱਲਬਾਤ ਕਰਨਾ/ਸੁਆਲਾਂ ਦੇ ਜੁਆਬ ਦੇਣਾ ਲਾਜ਼ਮੀ ਨਹੀਂ ਹੈ।

## ਜੇ ਆਇਸ ਤੁਹਾਡੇ ਗੁਰਦੁਆਰੇ ਉਸ ਵੇਲੇ ਆਉਂਦੀ ਹੈ ਜਦੋਂ ਗੁਰਦੁਆਰਾ ਖੁੱਲ੍ਹਾ ਹੈ

- ਜੇ ਆਇਸ ਵੱਲੋਂ ਸੰਗਤ ਦੇ ਮੈਂਬਰਾਂ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ:
  - ਹਰੇਕ ਮੈਂਬਰ ਨੂੰ ਆਪਣੀ ਮਾਂ-ਬੋਲੀ ਵਿੱਚ ਸਾਰੀ ਗੱਲ ਦੱਸਣ ਦੀ ਮੰਗ ਕਰਨ ਦਾ ਹੱਕ ਹੈ। ਜੇ ਸੰਗਤ ਦੇ ਮੈਂਬਰ ਚੰਗੀ ਤਰ੍ਹਾਂ ਜਾਂ ਬਿਲਕੁਲ ਵੀ ਅੰਗਰੇਜ਼ੀ ਨਹੀਂ ਬੋਲ ਸਕਦੇ ਤਾਂ ਅੰਗਰੇਜ਼ੀ ਵਿੱਚ ਗੱਲਬਾਤ ਕਰਨਾ ਉਨ੍ਹਾਂ ਲਈ ਲਾਜ਼ਮੀ ਨਹੀਂ ਹੈ ਅਤੇ ਉਹ ਆਪਣੀ ਮਰਜ਼ੀ ਦੀ ਭਾਸ਼ਾ ਵਿੱਚ ਗੱਲਬਾਤ ਸਮਝਾਉਣ ਦੀ ਮੰਗ ਕਰ ਸਕਦੇ ਹਨ।
  - ਆਇਸ ਦੁਆਰਾ ਹਿਰਾਸਤ ਵਿੱਚ ਲਏ ਗਏ ਕਿਸੇ ਵੀ ਵਿਅਕਤੀ ਨੂੰ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ, ਪਰ ਸਰਕਾਰ ਤੁਹਾਡੇ ਲਈ ਵਕੀਲ ਨਿਯੁਕਤ ਨਹੀਂ ਕਰੇਗੀ।

- ਸੰਗਤ ਨੂੰ ਆਇਸ ਏਜੰਟਾਂ ਦੀ ਆਡਿਓ-ਵੀਡੀਓ ਰਿਕਾਰਡ ਕਰਨ ਦਾ ਹੱਕ ਹੈ। ਰਿਕਾਰਡਿੰਗ ਉਸ ਵੇਲੇ ਖ਼ਾਸ ਤੌਰ ’ਤੇ ਲਾਹੇਵੰਦ ਸਾਬਿਤ ਹੋਵੇਗੀ ਜਦੋਂ ਆਇਸ ਵਾਲੇ ਬੰਦ ਗੁਰਦੁਆਰੇ ਅੰਦਰ ਬਿਨਾਂ ਵਾਰੰਟ ਤੋਂ ਧੱਕੇ ਨਾਲ ਦਾਖ਼ਲ ਹੋਣ ਜਾਂ ਆਇਸ ਵਾਲੇ ਸੰਗਤ ਜਾਂ ਗੁਰਦੁਆਰੇ ਪ੍ਰਤੀ ਬੇਅਦਬੀ ਜਾਂ ਗੁੱਸੇ ਵਾਲੇ ਵਤੀਰੇ ਨਾਲ ਪੇਸ਼ ਆਉਣ।



# ਗੁਰਦੁਆਰੇ ਅੰਦਰ ਅਣਜਾਣ ਲੋਕ

- ਗੁਰਦੁਆਰੇ ਕੁਦਰਤੀ ਤੌਰ 'ਤੇ ਅਜਨਬੀਆਂ ਲਈ ਖੁੱਲ੍ਹੇ ਅਤੇ ਜੀ ਆਇਆਂ ਨੂੰ ਕਹਿਣ ਵਾਲੇ ਹੁੰਦੇ ਹਨ, ਇਸ ਦੇ ਬਾਵਜੂਦ ਗੁਰਦੁਆਰੇ ਵਿੱਚ ਨਵੇਂ ਆਉਣ ਵਾਲੇ ਅਜਨਬੀਆਂ ਅਤੇ ਉਨ੍ਹਾਂ ਲੋਕਾਂ ਤੋਂ ਚੌਕੰਨੇ ਰਹੋ ਜਿਹੜੇ ਇਸ ਤਰ੍ਹਾਂ ਦੇ ਸਵਾਲ ਪੁੱਛਦੇ ਹੋਣ:
    - ਕਿੰਨੀ ਕੁ ਸੰਗਤ ਆਉਂਦੀ ਹੈ
    - ਸੰਗਤ ਦੇ ਕਿਸੇ ਮੈਂਬਰ ਦਾ ਇਮੀਗ੍ਰੇਸ਼ਨ ਦਾ ਸਟੇਟਸ, ਕਿਸੇ ਵਿਸ਼ੇਸ਼ ਵਿਅਕਤੀ ਬਾਰੇ ਜਾਂ ਆਮ ਸੰਗਤ ਬਾਰੇ
    - ਗੁਰਦੁਆਰੇ ਦੇ ਕਿਸੇ ਮੁਲਾਜ਼ਮ ਬਾਰੇ ਜਾਂ ਉਸ ਦੇ ਇਮੀਗ੍ਰੇਸ਼ਨ ਸਟੇਟਸ ਬਾਰੇ
    - ਕਿਸੇ ਵਿਅਕਤੀ ਦੇ ਗੁਰਦੁਆਰੇ ਅੰਦਰ ਰਹਿਣ ਜਾਂ ਨਾ ਰਹਿਣ ਬਾਰੇ ਅਤੇ ਉਸ ਦੇ ਇਮੀਗ੍ਰੇਸ਼ਨ ਸਟੇਟਸ ਬਾਰੇ ਪੁੱਛਣਾ

- ਇਹ ਵਿਅਕਤੀ ਹੋ ਸਕਦੇ ਹਨ:
    - ਸਾਦੇ ਕਪੜਿਆਂ ਵਿੱਚ ਆਇਸ ਜਾਂ ਕਿਸੇ ਹੋਰ ਕਾਨੂੰਨ ਲਾਗੂ ਕਰਾਉਣ ਵਾਲੀ ਏਜੰਸੀ ਦੇ ਮੁਲਾਜ਼ਮ
    - ਭਾਰਤ ਸਰਕਾਰ ਦੇ ਪ੍ਰਤਿਨਿਧੀ ਜਾਂ ਸਹਿਯੋਗੀ, ਜਿਨ੍ਹਾਂ ਨੇ ਪਿਛਲੇ ਸਮਿਆਂ ਵਿੱਚ ਸਿੱਖਾਂ ਦੀਆਂ ਸਮਾਜਿਕ ਸਰਗਰਮੀਆਂ ਜਾਂ ਸਿਆਸੀ ਭਾਸ਼ਨਾਂ ਨੂੰ ਰੋਕਣ ਲਈ ਇਮੀਗ੍ਰੇਸ਼ਨ ਦੇ ਮਸਲੇ ਨੂੰ ਦਬਾਅ ਦੇ ਰੂਪ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ ਹੋਵੇ
    - ਆਮ ਜਨਤਾ ਦੇ ਲੋਕ ਜੋ ਆਇਸ ਜਾਂ ਕਿਸੇ ਹੋਰ ਕਾਨੂੰਨ ਲਾਗੂ ਕਰਾਉਣ ਵਾਲੀ ਏਜੰਸੀ ਨੂੰ ਸੰਗਤ ਦੀ ਜਾਣਕਾਰੀ ਦੇਣਾ ਚਾਹੁੰਦੇ ਹੋਣ

- ਗ਼ੌਰ ਕਰੋ ਕਿ ਗ਼ਲਤ ਮਨੋਰਥਾਂ ਲਈ ਗੁਰਦੁਆਰੇ ਵਿੱਚ ਮੌਜੂਦ ਵਿਅਕਤੀ ਪੰਜਾਬੀ ਜਾਂ ਪੰਜਾਬੀ ਬੋਲਣ ਵਾਲੇ ਹੋ ਸਕਦੇ ਹਨ।

- ਜੇ ਤੁਹਾਡੇ ਗੁਰਦੁਆਰੇ ਵਿੱਚ ਕੋਈ ਅਜਿਹਾ ਵਿਅਕਤੀ ਮਿਲਦਾ ਹੈ ਤਾਂ,
    - ਉਨ੍ਹਾਂ ਨੂੰ ਪੁੱਛੋ ਕਿ ਕੀ ਉਹ ਕਾਨੂੰਨ ਲਾਗੂ ਕਰਾਉਣ ਵਾਲੀ ਏਜੰਸੀ ਨਾਲ ਸੰਬੰਧਤ ਹਨ, ਜੇ ਹਾਂ ਤਾਂ ਉਨ੍ਹਾਂ ਨੂੰ ਉਨ੍ਹਾਂ ਦਾ ਪਛਾਣ-ਪੱਤਰ ਦਿਖਾਉਣ ਲਈ ਕਹੋ
    - ਉਨ੍ਹਾਂ ਨੂੰ ਉੱਥੋਂ ਜਾਣ ਲਈ ਕਹੋ
    - ਸੰਗਤ ਦੇ ਮੈਂਬਰਾਂ ਨੂੰ ਉਨ੍ਹਾਂ ਨਾਲ ਗੱਲ ਕਰਨ ਜਾਂ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦੇਣ ਤੋਂ ਮਨ੍ਹਾਂ ਕਰੋ, ਭਾਵੇਂ ਕਿ ਤੁਹਾਨੂੰ ਲੱਗੇ ਕਿ ਉਸ ਕੋਲ ਵਾਜਿਬ ਦਸਤਾਵੇਜ਼ ਹਨ ਅਤੇ ਉਹ ਕੁਝ ਵੀ ਗ਼ਲਤ ਨਹੀਂ ਕਰ ਰਿਹਾ
    - ਹੋਰ ਸਥਾਨਕ ਗੁਰਦੁਆਰਿਆਂ ਨੂੰ ਇਸ ਵਿਅਕਤੀ ਅਤੇ ਉਸ ਵੱਲੋਂ ਪੁੱਛੇ ਜਾ ਰਹੇ ਸੁਆਲਾਂ ਬਾਰੇ ਚੌਕਸ ਕਰੋ
    - ਜੇ ਸੰਭਵ ਹੋਵੇ ਤਾਂ ਸੁਰੱਖਿਆ ਲਈ ਲਗਾਏ ਕੈਮਰਿਆਂ ਦੀ ਵੀਡੀਉ ਰਿਕਾਰਡਿੰਗ ਨੂੰ ਭਵਿੱਖ ਦੀ ਲੋੜ ਵਾਸਤੇ ਸੰਭਾਲ ਕੇ ਰੱਖੋ



# ਗੁਰਦੁਆਰੇ ਲਈ ਮਦਦਗਾਰ ਸੁਰੱਖਿਆ ਪ੍ਰਬੰਧ

- ਕਿਸੇ ਇਕ ਕਮੇਟੀ ਮੈਂਬਰ ਨੂੰ ਇਮੀਗ੍ਰੇਸ਼ਨ ਮਸਲਿਆਂ ਦੇ ਮੁੱਖ ਪ੍ਰਬੰਧਕ ਦੇ ਤੌਰ 'ਤੇ ਨਿਯੁਕਤ ਕਰੋ, ਜਿਸ ਵਿੱਚ ਹੇਠ ਲਿਖੇ ਕਾਰਜ ਸ਼ਾਮਲ ਹੋਣ:
    - ਆਉਣ ਵਾਲੇ ਆਇਸ ਏਜੰਟਾਂ ਨਾਲ ਗੱਲਬਾਤ ਕਰਨ ਲਈ ਜ਼ਿੰਮੇਵਾਰ ਮੁੱਢਲੇ ਵਿਅਕਤੀ ਵੱਜੋਂ ਜੋ ਉਨ੍ਹਾਂ ਦੇ ਪਛਾਣ-ਪੱਤਰ ਤੇ ਉਨ੍ਹਾਂ ਵੱਲੋਂ ਕੀਤੇ ਜਾਂਦੇ ਦਾਅਵੇ ਅਨੁਸਾਰ ਵਾਰੰਟਾਂ ਦੀ ਤਸਦੀਕ ਕਰੇ
    - ਸੰਗਤ ਦੇ ਲੋੜਵੰਦ ਵਿਅਕਤੀਆਂ ਨਾਲ ਇਮੀਗ੍ਰੇਸ਼ਨ ਸੰਬੰਧੀ ਵਿਚਾਰ-ਵਟਾਂਦਰਾ ਕਰਨ ਅਤੇ ਉਨ੍ਹਾਂ ਨੂੰ ਕਾਨੂੰਨੀ ਜਾਂ ਹੋਰ ਲੋੜੀਂਦੇ ਵਸੀਲਿਆਂ ਤੱਕ ਪਹੁੰਚਾਉਣ ਵਿੱਚ ਮਦਦ ਕਰਨਾ
    - ਜਾਣਕਾਰੀ ਸਾਂਝੀ ਕਰਨ ਵਾਸਤੇ ਇਲਾਕੇ ਦੇ ਗੁਰਦੁਆਰਿਆਂ ਅਤੇ ਬਾਹਰਲੇ ਗਰੁੱਪਾਂ ਨਾਲ ਤਾਲਮੇਲ ਕਰਨਾ

- ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਗੁਰਦੁਆਰੇ ਸੁਭਾਵਕ ਤੌਰ 'ਤੇ ਖੁੱਲ੍ਹੇ ਅਤੇ ਜੀ ਆਇਆਂ ਨੂੰ ਕਹਿਣ ਵਾਲੇ ਹੁੰਦੇ ਹਨ ਇਸ ਮਾਹੌਲ ਵਿੱਚ ਸੁਰੱਖਿਆ ਦੇ ਜ਼ਮੀਨੀ ਪ੍ਰਬੰਧ (ਸਿੱਖ ਕੋਲੀਸ਼ਨ ਦੀ ਗੁਰਦੁਆਰਾ ਸੁਰੱਖਿਆ ਟੂਲਕਿੱਟ ਵੇਖੋ) ਆਇਸ ਦੀ ਛਾਪੇਮਾਰੀ ਅਤੇ ਇਸ ਦੌਰਾਨ ਹੋਣ ਵਾਲੇ ਨਾਗਰਿਕ ਹੱਕਾਂ ਦੇ ਨੁਕਸਾਨ ਤੋਂ ਗੁਰਦੁਆਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਈ ਹੋ ਸਕਦੇ ਹਨ।

- ਗੁਰਦੁਆਰੇ ਦੇ ਅਹਾਤੇ ਅੰਦਰਲੇ ਅਜਿਹੇ ਹਿੱਸਿਆਂ ਦੀ ਨਿਸ਼ਾਨਦੇਹੀ ਕਰਨ ਬਾਰੇ ਵਿਚਾਰ ਕਰੋ ਜਿਨ੍ਹਾਂ ਦੇ ਬਾਹਰ ਸਪੱਸ਼ਟ ਰੂਪ ਵਿੱਚ ਪ੍ਰਾਇਵੇਟ/ਨਿੱਜੀ ਸਥਾਨ ਲਿਖਿਆ ਹੋਵੇ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਜਿਨ੍ਹਾਂ ਹਿੱਸਿਆਂ ਦੀ ਨਿਸ਼ਾਨਦੇਹੀ ਨਿੱਜੀ ਹਿੱਸੇ ਵੱਜੋਂ ਕੀਤੇ ਗਈ ਹੋਵੇ ਉਨ੍ਹਾਂ ਅੰਦਰ ਬਿਨਾਂ ਸਹਿਮਤੀ ਜਾਂ ਵਾਰੰਟ ਦੇ ਦਾਖ਼ਲ ਹੋਣ ਨੂੰ ਆਇਸ ਲਈ ਜਾਇਜ਼ ਠਹਿਰਾਉਣਾ ਮੁਸ਼ਕਿਲ ਹੁੰਦਾ ਹੈ।

- ਦਰਵਾਜ਼ਿਆਂ ਵਿੱਚ ਬਾਹਰ ਦੇਖਣ ਵਾਲੇ ਸੁਰਾਖ਼, ਵੀਡੀਉ ਡੋਰਬੈੱਲ ਜਾਂ ਇਸ ਤਰ੍ਹਾਂ ਦੇ ਹੋਰ ਸਾਧਨ ਲਾਉਣ ਬਾਰੇ ਵਿਚਾਰ ਕਰੋ ਜਿਨ੍ਹਾਂ ਨਾਲ ਗੁਰਦੁਆਰਾ ਕਮੇਟੀ ਦੇ ਆਗੂ ਆਇਸ ਏਜੰਟਾਂ ਨਾਲ ਬਿਨਾਂ ਦਰਵਾਜ਼ਾ ਖੋਲ੍ਹੇ ਗੱਲਬਾਤ ਕਰ ਸਕਦੇ ਹੋਣ।

- ਸੁਰੱਖਿਆ ਕੈਮਰੇ ਆਇਸ ਏਜੰਟਾਂ ਨਾਲ ਹੋਣ ਵਾਲੇ ਸੰਵਾਦ ਨੂੰ ਰਿਕਾਰਡ ਕਰਨ ਵਿੱਚ ਸਹਾਈ ਹੋ ਸਕਦੇ ਹਨ, ਇਹ ਨਫ਼ਰਤੀ ਹਿੰਸਾ ਜਾਂ ਭੰਨ੍ਹ-ਤੋੜ ਨੂੰ ਘਟਾਉਣ ਵਿੱਚ ਵੀ ਸਹਾਈ ਹੁੰਦੇ ਹਨ।

- ਗ੍ਰੰਥੀਆਂ, ਕਮੇਟੀ ਦੇ ਮੈਂਬਰਾਂ ਅਤੇ ਗੁਰਦੁਆਰੇ ਵਿੱਚ ਰੋਜ਼ਾਨਾ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਸਹੀ ਵਤੀਰਾ ਅਪਣਾਉਣ ਬਾਰੇ ਜਾਗਰੂਕ ਕਰਨਾ ਯਕੀਨੀ ਬਣਾਉ।



# ਜੇ ਹਿਰਾਸਤ ਵਿੱਚ ਲਿਆ ਜਾਵੇ

- ਜੇ ਸੰਗਤ ਦੇ ਕਿਸੇ ਮੈਂਬਰ ਨੂੰ ਹਿਰਾਸਤ ਵਿੱਚ ਲਿਆ ਜਾਵੇ ਤਾਂ ਉਨ੍ਹਾਂ ਨੂੰ ਹਿਰਾਸਤੀ ਕੇਂਦਰ (ਡਿਟੈਂਸ਼ਨ ਸੈਂਟਰ) ਵਿੱਚ ਭੇਜਣ ਤੋਂ ਪਹਿਲਾਂ ਲੋੜੀਂਦੀ ਕਾਰਵਾਈ ਲਈ ਸਥਾਨਕ ਆਇਸ ਫ਼ੀਲਡ ਦਫ਼ਤਰ ਲੈ ਜਾਇਆ ਜਾਂਦਾ ਹੈ। ਤੁਸੀਂ ਇਸ ਵੈੱਬਸਾਈਟ locator.ice.gov ਰਾਹੀਂ ਇਨ੍ਹਾਂ ਫ਼ੀਲਡ ਦਫ਼ਤਰਾਂ ਦੀ ਭਾਲ ਕਰ ਸਕਦੇ ਹੋ।

- ਜਦੋਂ ਗ੍ਰਿਫ਼ਤਾਰੀ ਕਰ ਲਈ ਜਾਂਦੀ ਹੈ ਤਾਂ ਤੁਰੰਤ ਹਰਕਤ ਵਿੱਚ ਆਉਣਾ ਬਹੁਤ ਜ਼ਰੂਰੀ ਹੁੰਦਾ ਹੈ।
  - ਸਿੱਖ ਕੋਲੀਸ਼ਨ ਦੀ ਟੀਮ ਪੰਜਾਬੀ ਬੋਲਣ ਵਾਲੇ ਇਮੀਗ੍ਰੇਸ਼ਨ ਵਕੀਲਾਂ ਦੀ ਸੂਚੀ ਤਿਆਰ ਕਰਨ ਵਿੱਚ ਜੁਟੀ ਹੋਈ ਹੈ। ਜੇ ਤੁਹਾਨੂੰ ਵਕੀਲ ਸੰਬੰਧੀ ਜਾਣਕਾਰੀ ਚਾਹੀਦੀ ਹੈ ਤਾਂ ਸਾਨੂੰ ਈ-ਮੇਲ ਕਰੋ immigration@sikhcoalition.org

- ਇਮੀਗ੍ਰੇਸ਼ਨ ਵਕੀਲ ਲੱਭਣ ਵਿੱਚ ਮਦਦ ਕਰਨ ਲਈ ਕੁਝ ਹੋਰ ਸੰਸਥਾਵਾਂ ਅਤੇ ਵਸੀਲਿਆਂ ਬਾਰੇ ਚੋਣਵੀਂ ਜਾਣਕਾਰੀ ਅੱਗੇ ਦਿੱਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਰੋਤ ਮੌਜੂਦ ਹਨ:
  - ਡਿਪਾਰਟਮੈਂਟ ਆਫ਼ ਜਸਟਿਸ, ਇਮੀਗ੍ਰੇਸ਼ਨ ਸਮੀਖਿਆ ਦਾ ਐਗਜ਼ਿਕਿਊਟਿਵ ਦਫ਼ਤਰ: https://www.justice.gov/eoir/list-pro-bono-legal-service-providers
  - ਇਮੀਗ੍ਰੇਸ਼ਨ ਡੀਫੈਂਸ ਪ੍ਰੋਜੈਕਟ: https://www.immigrantdefenseproject.org/
  - ਇਮੀਗ੍ਰੇਸ਼ਨ ਲਾਅ ਹੈਲਪ ਡੌਟ ਔਰਗ https://www.immigrationlawhelp.org/
  - ਨੈਸ਼ਨਲ ਇਮੀਗ੍ਰਾਂਟ ਜਸਟਿਸ ਸੈਂਟਰ: http://www.immigrantjustice.org/
  - ਅਮਰੀਕਨ ਇਮੀਗ੍ਰੇਸ਼ਨ ਲਾਇਅਰਜ਼ ਐਸੋਸੀਏਸ਼ਨ: https://www.aila.org/
  - ਨੈਸ਼ਨਲ ਲੌਇਅਰਜ਼ ਗਿਲਡ: https://www.nlg.org/
  - ਨੈਸ਼ਨਲ ਇਮੀਗ੍ਰੇਸ਼ਨ ਪ੍ਰੋਜੈਕਟ: https://nipnlg.org/
  - ਨੈਸ਼ਨਲ ਇਮੀਗ੍ਰੇਸ਼ਨ ਐਡਵੋਕੇਟਸ ਡਾਇਰੈਕਟਰੀ: https://www.immigrationadvocates.org/legaldirectory/



# ਲੋੜਵੰਦ ਵਿਅਕਤੀਆਂ ਲਈ ਹੋਰ ਵਸੀਲੇ

- ਆਪਣੇ ਇਮੀਗ੍ਰੇਸ਼ਨ ਸਟੇਟਸ ਸੰਬੰਧੀ ਚਿੰਤਤ ਜਿਹੜੇ ਵਿਅਕਤੀ ਪੁੱਛ-ਪੜਤਾਲ, ਹਿਰਾਸਤ ਅਤੇ ਡਿਪੋਰਟ ਦੇ ਡਰ ਕਾਰਨ ਸਰਕਾਰੀ ਮਾਧਿਅਮਾਂ ਰਾਹੀਂ ਸਹਾਇਤਾ ਨਹੀਂ ਲੈ ਸਕਦੇ, ਉਹ ਸੰਗਤ ਸਿੱਖ ਫੈਮਲੀ ਸੈਂਟਰ ਨਾਲ ਵਧੇਰੇ ਸਹਾਇਤਾ ਅਤੇ ਆਪਣੇ ਵਿਕਲਪਾਂ ਬਾਰੇ ਜ਼ਿਆਦਾ ਸਪੱਸ਼ਟ ਜਾਣਕਾਰੀ ਹਾਸਲ ਕਰਨ ਲਈ ਹੇਠਾਂ ਦਿੱਤੇ ਵਸੀਲਿਆਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕਰ ਸਕਦੀ ਹੈ।

## ਸਹਾਇਤਾ ਦੇ ਹੋਰ ਵਸੀਲਿਆਂ ਬਾਰੇ ਸੁਝਾਅ

- ਇਮੀਗ੍ਰੇਸ਼ਨ ਡਿਫੈਂਸ ਪ੍ਰੋਜੈਕਟ ਹੋਟਲਾਈਨ 212-725-6422
  - ਇਹ ਹੋਟਲਾਈਨ ਦੀ ਵਰਤੋਂ ਹੇਠ ਲਿਖੇ ਕਾਰਜਾਂ ਲਈ ਕੀਤੀ ਜਾ ਸਕਦੀ ਹੈ:
    - ਇਮੀਗ੍ਰੇਸ਼ਨ ਸੰਬੰਧੀ ਸੀਮਿਤ ਕਾਨੂੰਨੀ ਸਹਾਇਤਾ ਅਤੇ ਜਾਣਕਾਰੀ ਲਈ
    - ਇਮੀਗ੍ਰੇਸ਼ਨ ਸੰਬੰਧੀ ਮੁਫ਼ਤ ਕਾਨੂੰਨੀ ਸੇਵਾਵਾਂ ਦੀ ਜਾਣਕਾਰੀ ਹਾਸਲ ਕਰਨ ਵਾਸਤੇ
    - ਇਮੀਗ੍ਰੇਸ਼ਨ ਮਾਮਲਿਆਂ ਦੇ ਨਿੱਜੀ ਵਕੀਲਾਂ ਦੀ ਜਾਣਕਾਰੀ ਹਾਸਲ ਕਰਨ ਵਾਸਤੇ
  - ਇਹ ਲਾਈਵ ਹੈਲਪਲਾਈਨ ਨਹੀਂ ਹੈ। ਤੁਸੀਂ ਵੌਇਸਮੇਲ ਵਿੱਚ ਆਪਣਾ ਸੁਨੇਹਾ ਛੱਡ ਸਕਦੇ ਹੋ ਅਤੇ ਉਹ ਆਪ ਤੁਹਾਨੂੰ ਫ਼ੋਨ ਕਰਨਗੇ।

- ਸਿੱਖ ਫੈਮਲੀ ਸੈਂਟਰ ਦੀ ਗ਼ੈਰ-ਐਮਰਜੰਸੀ ਹੈਲਪਲਾਈਨ: 866 -SFC-SEWA (866-732-7392)
  - ਇਹ ਗ਼ੈਰ-ਐਮਰਜੰਸੀ ਹੈਲਪਲਾਈ ਸਿੱਖਾਂ ਵੱਲੋਂ ਸਿੱਖ ਭਾਈਚਾਰੇ ਲਈ ਚਲਾਈ ਜਾਂਦੀ ਹੈ-ਇਹ ਮੁਫ਼ਤ, ਨਿੱਜੀ/ਪ੍ਰਾਇਵੇਟ ਹੈ ਅਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਉਪਲੱਬਧ ਹੈ।
  - ਤੁਸੀਂ ਵਾਇਸਮੇਲ ਵਿੱਚ ਆਪਣਾ ਸੁਨੇਹਾ ਛੱਡ ਸਕਦੇ ਹੋ ਅਤੇ ਉਹ ਆਪ ਤੁਹਾਨੂੰ ਫ਼ੋਨ ਕਰਨਗੇ।

- ਘਰੇਲੂ ਹਿੰਸਾ ਲਈ ਨੈਸ਼ਨਲ ਡੌਮੈਸਟਿਕ ਵਾਇਲੈਂਸ ਹੌਟਲਾਈਨ: 1-800-799-SAFE (1-800-799-7233)

- ਖ਼ੁਦਕੁਸ਼ੀ ਦੇ ਮਾਮਲਿਆਂ ਸੰਬੰਧੀ, ਦ ਨੈਸ਼ਨਲ ਹੋਪਲਾਈਨ ਨੈਟਵਰਕ: ਡਾਇਲ 988

- ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਵਾਲੇ ਮਾਮਲਿਆਂ ਸੰਬੰਧੀ: ਐਸ.ਏ.ਐਫ.ਈ. (ਸੇਫ਼) ਅਲਟਰਨੇਟਿਵਸ: 1-800-DON'T-CUT 1-800-366-8288)

- ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਦੀ ਸਹਾਇਤਾ ਲਈ, ਚੌਵੀ ਘੰਟੇ/ਸੱਤ ਦਿਨ (24/7) ਇਲਾਜ ਸਹਾਇਤਾ ਲਾਈਨ: 1-800-662-HELP 1-800-662-4357)

THE SIKHCOALITION

immigration@sikhcoalition.org
www.sikhcoalition.org

**ਸਿੱਖ ਕੋਲਿਸ਼ਨ ਵੱਲੋਂ ਇਮੀਗ੍ਰੇਸ਼ਨ ਹੱਕਾਂ ਬਾਰੇ ਜਾਣਕਾਰੀ ਲਈ ਕਿਊਆਰ ਕੋਡ ਸਕੈਨ ਕਰੋ।**